# NYVEPRIA™

## ਨਾਲ ਤੁਹਾਡੀ ਜਾਣ-ਪਛਾਣ



PrNyvepria™
pegfilgrastim

Pfizer

# ਮੇਰੇ NYVEPRIA ਇਲਾਜ ਦੀ ਸ਼ੁਰੂਆਤ

ਕਿਸੇ ਵੀ ਨਵੇਂ ਇਲਾਜ ਨੂੰ ਸ਼ੁਰੂ ਕਰਨਾ ਇੱਕ ਚੁਣੌਤੀ ਹੋ ਸਕਦੀ ਹੈ। ਇਸ ਬਰੋਸ਼ਰ ਨੂੰ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਅਤੇ ਤੁਹਾਡੇ ਇਲਾਜ ਦਾ ਵੱਧ ਤੋਂ ਵੱਧ ਫਾਇਦਾ ਲੈਣ ਵਿੱਚ ਤੁਹਾਡੀ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ।

NYVEPRIA ਬਾਰੇ ਮੁੱਢਲੀਆਂ ਗੱਲਾਂ ਜਾਣਨ ਲਈ ਇਸ ਬਰੋਸ਼ਰ ਨੂੰ ਪੜ੍ਹਨਾ ਯਕੀਨੀ ਬਣਾਓ, ਅਤੇ ਤੁਹਾਡੀ ਇਲਾਜ ਯਾਤਰਾ ਨੂੰ ਬਿਹਤਰ ਤਰੀਕੇ ਨਾਲ ਸਮਝਣ ਵਿੱਚ ਤੁਹਾਡੀ ਮਦਦ ਕਰਨ ਲਈ ਇਸਨੂੰ ਪਹੁੰਚ ਵਿੱਚ ਰੱਖਣਾ ਯਾਦ ਰੱਖੋ। ਇਸਦੇ ਨਾਲ ਹੀ, ਇਸ ਬਾਰੇ ਆਪਣੀ ਸਿਹਤ-ਸੰਭਾਲ ਟੀਮ ਦੇ ਨਾਲ ਇਮਾਨਦਾਰ ਹੋਣਾ ਵੀ ਮਹੱਤਵਪੂਰਨ ਹੈ ਕਿ ਇਸ ਇਲਾਜ ਦੇ ਸਬੰਧ ਵਿੱਚ ਤੁਹਾਡਾ ਕੀ ਹਾਲ-ਚਾਲ ਹੈ। ਜਦੋਂ ਵੀ ਤੁਹਾਡੇ ਇਲਾਜ ਦੀ ਯੋਜਨਾ ਬਾਰੇ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹੋਣ ਤਾਂ ਉਨ੍ਹਾਂ ਨਾਲ ਗੱਲ ਕਰੋ।

# NYVEPRIA ਦੀ ਵਰਤੋਂ ਕਿਸ ਲਈ ਕੀਤੀ ਜਾਂਦੀ ਹੈ?

NYVEPRIA ਦੀ ਵਰਤੋਂ ਨਿਊਟਰੋਪੇਨੀਆ (nu-tro-**peen**-ee-ah) ਦਾ ਇਲਾਜ ਕਰਨ ਲਈ ਕੀਤੀ ਜਾਂਦੀ ਹੈ। ਨਿਊਟਰੋਪੇਨੀਆ ਇੱਕ ਅਜਿਹੀ ਅਵਸਥਾ ਹੈ ਜਿੱਥੇ ਸਰੀਰ ਬਹੁਤ ਘੱਟ ਸਫੈਦ ਰਕਤ ਸੈੱਲ ਬਣਾਉਂਦਾ ਹੈ ਜੋ ਕਿਕੈਂਸਰ ਦਾ ਇਲਾਜ ਕਰਨ ਲਈ ਵਰਤੀਆਂ ਜਾਂਦੀਆਂ ਦਵਾਈਆਂ ਕਰਕੇ ਹੋ ਸਕਦਾ ਹੈ। ਨਿਊਟਰੋਪੇਨੀਆ ਕੀਮੋਥੈਰੇਪੀ ਦਾ ਸਭ ਤੋਂ ਗੰਭੀਰ ਆਮ ਅਣਚਾਹਿਆ ਅਸਰ ਹੈ। ਨਿਊਟਰੋਪੇਨੀਆ ਤੁਹਾਡੇ ਸਰੀਰ ਨੂੰ ਇਨਫੈਕਸ਼ਨਾਂ ਪ੍ਰਤੀ ਸੰਵੇਦਨਸ਼ੀਲ ਬਣਾਉਂਦਾ ਹੈ ਅਤੇ ਤੁਹਾਨੂੰ ਉਨ੍ਹਾਂ ਨਾਲ ਲੜ ਕੇ ਬਚਾਉਂਦਾ ਹੈ। ਤੁਹਾਡੇ ਡਾਕਟਰ ਨੇ ਨਿਉਟਰੋਫਿਲਾਂ (**nu**-tro-fils), ਦੀ ਸੰਖਿਆ ਵਿੱਚ ਵਾਧਾ ਕਰਨ ਲਈ ਤੁਹਾਨੂੰ NYVEPRIA ਦੀ ਤਜਵੀਜ਼ ਕਰਨ ਦਾ ਫੈਸਲਾ ਕੀਤਾ ਹੈ ਜੋ ਇਨਫੈਕਸ਼ਨਾਂ ਨਾਲ ਲੜੇਗਾ।

# NYVEPRIA ਕਿਵੇਂ ਕੰਮ ਕਰਦੀ ਹੈ?

NYVEPRIA ਕੋਈ ਕੀਮੋਥੈਰੇਪੀ ਨਹੀਂ ਹੈ, ਪਰ ਕਈ ਵਾਰ ਇਸਨੂੰ ਕੀਮੋਥੈਰੇਪੀ ਦੇ ਸੁਮੇਲ ਨਾਲ ਵਰਤਿਆ ਜਾ ਸਕਦਾ ਹੈ। NYVEPRIA ਬੋਨ ਮੈਰੋ ਨੂੰ ਸਫੈਦ ਖ਼ੂਨ ਦੇ ਸੈੱਲਾਂ ਦਾ ਨਿਰਮਾਣ ਕਰਨ ਲਈ ਉਤੇਜਿਤ ਕਰਕੇ ਕੰਮ ਕਰਦੀ ਹੈ। ਇਹ ਯਕੀਨੀ ਬਣਾਉਣ ਲਈ ਕਿ NYVEPRIA ਕੰਮ ਕਰ ਰਹੀ ਹੈ, ਤੁਹਾਡਾ ਡਾਕਟਰ ਸਫੈਦ ਖ਼ੂਨ ਦੇ ਸੈੱਲਾਂ ਦੀ ਸੰਖਿਆ ਨੂੰ ਗਿਣਨ ਲਈ ਤੁਹਾਡੇ ਖ਼ੂਨ ਦੇ ਬਕਾਇਦਾ ਟੈਸਟ ਕਰਵਾਉਣ ਲਈ ਕਹਿ ਸਕਦਾ ਹੈ। ਇਹ ਮਹੱਤਵਪੂਰਨ ਹੈ ਕਿ ਤੁਸੀਂ ਇਨ੍ਹਾਂ ਟੈਸਟਾਂ ਲਈ ਆਪਣੇ ਡਾਕਟਰ ਦੀਆਂ ਹਦਾਇਤਾਂ ਦੀ ਪਾਲਣਾ ਕਰੋ।

# NYVEPRIA ਕਿਹੜੇ ਰੂਪਾਂ ਵਿੱਚ ਉਪਲਬਧ ਹੈ?



- ਇੱਕ BD UltraSafe Plus™ ਪੈਸਿਵ ਨੀਡਲ ਗਾਰਡ ਦੇ ਨਾਲ ਪਹਿਲਾਂ ਤੋਂ ਭਰੀ ਸਰਿੰਜ ਜਿਸ ਵਿੱਚ ਪੈਗਫਿਲਗ੍ਰਾਸਟਿਮ ਦੀ 6 mg/0.6 mL (10 mg/mL) ਮਾਤਰਾ ਹੁੰਦੀ ਹੈ।
- NYVEPRIA ਸਰਿੰਜ ਦੇ ਪਲੰਜਰ ਸਟੌਪਰ ਅਤੇ ਸੂਈ ਦੇ ਕਵਰ ਨੂੰ ਕੁਦਰਤੀ ਰਬੜ ਲੇਟੈਕਸ ਨਾਲ ਨਹੀਂ ਬਣਾਇਆ ਜਾਂਦਾ।*




- NYVEPRIA ਪਹਿਲਾਂ ਤੋਂ ਭਰੀ ਸਰਿੰਜ ਇੱਕ ਦੂਹਰੀ-ਪਰਤ ਵਾਲੇ ਡੱਬੇ ਵਿੱਚ ਪੈਕ ਕਰਕੇ ਆਉਂਦੀ ਹੈ ਤਾਂ ਜੋ ਦਵਾਈ ਦੀ ਰੱਖਿਆ ਕਰਨ ਵਿੱਚ ਮਦਦ ਕੀਤੀ ਜਾ ਸਕੇ।

* ਕਲੀਨਿਕੀ ਮਹੱਤਤਾ ਬਾਰੇ ਪਤਾ ਨਹੀਂ ਹੈ।

# ਮੈਨੂੰ NYVEPRIA ਕਿਵੇਂ ਦਿੱਤੀ ਜਾਵੇਗੀ?

NYVEPRIA ਦੀ ਸਿਫਾਰਸ਼ ਕੀਤੀ ਖ਼ੁਰਾਕ ਚਮੜੀ ਦੇ ਹੇਠਾਂ, 6 mg/0.6 mL (ਇੱਕ ਪਹਿਲਾਂ ਤੋਂ ਭਰੀ ਸਰਿੰਜ ਦੇ ਅੰਸ਼) ਦਾ ਇੱਕ ਸਿੰਗਲ ਟੀਕਾ ਚਮੜੀ ਦੇ ਹੇਠਾਂ ਲਗਾਇਆ ਜਾਂਦਾ ਹੈ, ਜਿਸਨੂੰ ਕੀਮੋਥੈਰੇਪੀ ਦੇ ਪ੍ਰਤੀ ਗੇੜ ਵਿੱਚ ਇੱਕ ਵਾਰ ਦਿੱਤਾ ਜਾਂਦਾ ਹੈ।

NYVEPRIA ਦਾ ਟੀਕਾ ਲਗਾਉਣ ਤੋਂ ਪਹਿਲਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਕੈਂਸਰ ਕੀਮੋਥੈਰੇਪੀ ਦੇ ਤੁਹਾਡੇ ਕੋਰਸ ਦੇ ਬਾਅਦ ਘੱਟੋ ਘੱਟ 24 ਘੰਟਿਆਂ ਤੱਕ ਉਡੀਕ ਕਰਨੀ ਚਾਹੀਦੀ ਹੈ।

## ਜੇਕਰ ਕੋਈ ਖ਼ੁਰਾਕ ਖੁੰਝ ਜਾਂਦੀ ਹੈ ਤਾਂ ਕੀ ਕੀਤਾ ਜਾਵੇ?

ਕਿਉਂਕਿ NYVEPRIA ਅਤੇ ਕੈਂਸਰ ਕੀਮੋਥੈਰੇਪੀ ਦੇ ਤੁਹਾਡੇ ਅਗਲੇ ਕੋਰਸ ਵਿਚਕਾਰ ਦੋ-ਹਫਤੇ ਦੀ ਮਿਆਦ ਹੋਣੀ ਚਾਹੀਦੀ ਹੈ, ਜੇਕਰ ਤੁਸੀਂ ਕੋਈ ਤੈਅ ਖ਼ੁਰਾਕ ਖੁੰਝਾ ਦਿੰਦੇ ਹੋ, ਤਾਂ ਖੁੰਝ ਗਈ ਖ਼ੁਰਾਕ ਲੈਣ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ-ਮਸ਼ਵਰਾ ਕਰੋ।

## ਮੈਂ NYVEPRIA ਕਿਵੇਂ ਲਵਾਂ?

ਤੁਹਾਡਾ ਡਾਕਟਰ ਇਹ ਫੈਸਲਾ ਕਰੇਗਾ ਕਿ ਕੀ ਤੁਸੀਂ ਆਪਣੇ ਆਪ ਨੂੰ ਚਮੜੀ ਦੇ ਹੇਠਾਂ ਟੀਕਾ ਲਗਾਉਣ ਦੇ ਯੋਗ ਹੋ। NYVEPRIA ਦਾ ਟੀਕਾ ਕੇਵਲ ਉਸ ਦਿਨ ਲਗਾਇਆ ਜਾਣਾ ਚਾਹੀਦਾ ਹੈ ਜਿਸ ਦਿਨ ਡਾਕਟਰ ਨੇ ਤੁਹਾਡੇ ਲਈ ਤੈਅ ਕੀਤਾ ਹੈ ਅਤੇ ਇਸਦਾ ਟੀਕਾ ਹਰੇਕ ਗੇੜ ਵਿੱਚ ਕੀਮੋਥੈਰੇਪੀ ਦੀ ਤੁਹਾਡੀ ਆਖਰੀ ਖ਼ੁਰਾਕ ਪ੍ਰਾਪਤ ਕਰਨ ਦੇ 24 ਘੰਟਿਆਂ ਬਾਅਦ ਤੱਕ ਨਹੀਂ ਲਗਾਇਆ ਜਾਣਾ ਚਾਹੀਦਾ।

ਜੇਕਰ ਤੁਸੀਂ ਕਿਸੇ ਹੋਰ ਨੂੰ NYVEPRIA ਦਾ ਟੀਕਾ ਲਗਾ ਰਹੇ ਹੋ, ਤਾਂ ਇਹ ਮਹੱਤਵਪੂਰਨ ਹੈ ਕਿ ਤੁਸੀਂ ਇਹ ਜਾਣਨ ਲਈ ਆਪਣੇ ਆਪ ਨੂੰ NYVEPRIA ਬਾਰੇ ਸੂਚਿਤ ਕਰੋਂ ਕਿ NYVEPRIA ਦਾ ਟੀਕਾ ਕਿਵੇਂ ਅਤੇ ਕਦੋਂ ਲਗਾਉਣਾ ਹੈ।

**ਆਪਣੇ NYVEPRIA ਟੀਕੇ ਨੂੰ ਕਿਵੇਂ ਤਿਆਰ ਕਰਨਾ ਹੈ ਅਤੇ ਕਿਵੇਂ ਦੇਣਾ ਹੈ, ਇਸ ਬਾਰੇ ਜਾਣਕਾਰੀ ਲਈ ਜਾਣਕਾਰੀ ਵਾਸਤੇ ਹਦਾਇਤਾਂ ਵਾਸਤੇ ਪੰਨਾ 10-13 ਦੇਖੋ।**

# ਮਹੱਤਵਪੂਰਨ ਸੁਰੱਖਿਆ ਜਾਣਕਾਰੀ

## NYVEPRIA ਲੈਣ ਤੋਂ ਪਹਿਲਾਂ, ਮੈਨੂੰ ਕੀ ਜਾਣਕਾਰੀ ਹੋਣੀ ਚਾਹੀਦੀ ਹੈ?

ਜੇਕਰ ਤੁਹਾਨੂੰ ਪੈਗਫਿਲਗ੍ਰਾਸਟਿਮ, ਫਿਲਗ੍ਰਾਸਟਿਮ ਜਾਂ NYVEPRIA ਦੇ ਕਿਸੇ ਵੀ ਅੰਸ਼ਾਂ ਤੋਂ, ਜਾਂ ਬੈਕਟੀਰੀਆ *ਐਸਚੇਰੀਚੀਆ ਕੋਲੀ* ਦੀ ਵਰਤੋਂ ਕਰਕੇ ਬਣਾਏ ਗਏ ਹੋਰ ਉਤਪਾਦਾਂ ਤੋਂ ਐਲਰਜੀ ਹੈ ਤਾਂ NYVEPRIA ਦੀ ਵਰਤੋਂ ਨਾ ਕਰੋ। ਜੇਕਰ ਇਸ ਜਾਣਕਾਰੀ ਬਾਰੇ ਤੁਹਾਡੇ ਕੋਈ ਸਵਾਲ ਹਨ ਤਾਂ ਆਪਣੇ ਡਾਕਟਰ ਨਾਲ ਗੱਲ ਕਰੋ।

ਇਸ ਤੋਂ ਪਹਿਲਾਂ ਕਿ ਤੁਸੀਂ NYVEPRIA ਲਵੋਂ, ਆਪਣੇ ਸਿਹਤ-ਸੰਭਾਲ ਪ੍ਰਦਾਤਾ ਨੂੰ ਤੁਹਾਡੀਆਂ ਸਾਰੀਆਂ ਡਾਕਟਰੀ ਅਵਸਥਾਵਾਂ ਬਾਰੇ ਦੱਸੋ, ਜਿਸ ਵਿੱਚ ਇਹ ਵੀ ਸ਼ਾਮਲ ਹੈ ਜੇਕਰ:

- ਟੀਕੇ ਵਾਲੇ ਸਥਾਨ 'ਤੇ ਕੋਈ ਗੰਢ, ਸੋਜਸ਼, ਜਾਂ ਨੀਲ ਪੈ ਜਾਂਦਾ ਹੈ ਜੋ ਜਾਂਦਾ ਨਹੀਂ ਹੈ, ਆਪਣੇ ਡਾਕਟਰ ਨਾਲ ਗੱਲ ਕਰੋ। ਕਦੇ-ਕਦਾਈਂ, ਟੀਕੇ ਵਾਲੇ ਸਥਾਨ 'ਤੇ ਕੋਈ ਸਮੱਸਿਆ ਵਿਕਸਤ ਹੋ ਸਕਦੀ ਹੈ।
- ਤੁਹਾਨੂੰ ਸਿਕਲ ਸੈੱਲ ਦੇ ਲੱਛਣ ਜਾਂ ਸਿਕਲ ਸੈੱਲ ਦੀ ਬਿਮਾਰੀ ਹੈ, ਇਲਾਜ ਤੋਂ ਪਹਿਲਾਂ ਆਪਣੇ ਡਾਕਟਰ ਨੂੰ ਦੱਸੋ। ਜੇਕਰ ਤੁਹਾਡੇ ਢਿੱਡ ਦੇ ਉੱਪਰਲੇ ਹਿੱਸੇ ਦੇ ਖੱਬੇ ਹਿੱਸੇ ਵਿੱਚ ਦਰਦ ਵਿਕਸਤ ਹੋ ਜਾਂਦਾ ਹੈ ਜਾਂ ਤੁਹਾਡੇ ਮੋਢੇ ਦੀ ਨੋਕ 'ਤੇ ਦਰਦ ਵਿਕਸਤ ਹੋ ਜਾਂਦਾ ਹੈ, ਤਾਂ ਤੁਰੰਤ ਆਪਣੇ ਡਾਕਟਰ ਜਾਂ ਨਰਸ ਨੂੰ ਦੱਸੋ।
- ਜੇਕਰ ਤੁਸੀਂ ਗਰਭਵਤੀ ਹੋ, ਗਰਭਵਤੀ ਹੋਣ ਦੀ ਯੋਜਨਾ ਬਣਾਉਂਦੇ ਹੋ, ਸੋਚਦੇ ਹੋ ਕਿ ਤੁਸੀਂ ਗਰਭਵਤੀ ਹੋ ਸਕਦੇ ਹੋ, ਜਾਂ ਬੱਚੇ ਨੂੰ ਆਪਣਾ ਦੁੱਧ ਪਿਲਾ ਰਹੇ ਹੋ, ਤਾਂ ਤੁਹਾਨੂੰ NYVEPRIA ਦੀ ਵਰਤੋਂ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ।

ਆਪਣੇ ਸਿਹਤ-ਸੰਭਾਲ ਪ੍ਰਦਾਤਾ ਨੂੰ ਤੁਹਾਡੇ ਵੱਲੋਂ ਲਈਆਂ ਜਾਂਦੀਆਂ ਸਾਰੀਆਂ ਦਵਾਈਆਂ ਬਾਰੇ ਦੱਸੋ, ਜਿੰਨ੍ਹਾਂ ਵਿੱਚ ਕੋਈ ਦਵਾਈਆਂ, ਵਿਟਾਮਿਨ, ਖਣਿਜ, ਕੁਦਰਤੀ ਸਪਲੀਮੈਂਟ, ਜਾਂ ਵਿਕਲਪਕ ਦਵਾਈਆਂ ਵੀ ਸ਼ਾਮਲ ਹਨ।



# ਮਹੱਤਵਪੂਰਨ ਸੁਰੱਖਿਆ ਜਾਣਕਾਰੀ

## NYVEPRIA ਦੇ ਸੰਭਾਵੀ ਅਣਚਾਹੇ ਅਸਰ ਕੀ ਹਨ?

ਸਭ ਤੋਂ ਵੱਧ ਆਮ ਅਣਚਾਹਿਆ ਅਸਰ ਜੋ ਤੁਹਾਨੂੰ ਮਹਿਸੂਸ ਹੋ ਸਕਦਾ ਹੈ ਉਹ ਹੈ ਹੱਡੀਆਂ ਅਤੇ ਮਾਸਪੇਸ਼ੀਆਂ ਵਿੱਚ ਦਰਦ ਹੋਣਾ। ਜੇਕਰ ਅਜਿਹਾ ਵਾਪਰਦਾ ਹੈ, ਤਾਂ ਇਸਨੂੰ ਆਮ ਤੌਰ 'ਤੇ ਇੱਕ ਨਾਨ-ਐਸੀਟਾਈਲਸੈਲੀਸਲਿਕ ਐਸਿਡ ਓਵਰ-ਦ-ਕਾਊਂਟਰ ਦਰਦ ਨਿਵਾਰਕ ਨਾਲ ਰਾਹਤ ਦਿੱਤੀ ਜਾ ਸਕਦੀ ਹੈ। ਆਪਣੇ ਡਾਕਟਰ ਨੂੰ ਪੁੱਛੋ ਕਿ ਤੁਹਾਡੇ ਲਈ ਸਭ ਤੋਂ ਵੱਧ ਢੁੱਕਵੀਂ ਕਿਹੜੀ ਚੀਜ਼ ਹੈ।

NYVEPRIA ਅਣਚਾਹੇ ਅਸਰਾਂ ਦਾ ਕਾਰਨ ਬਣ ਸਕਦੀ ਹੈ, ਜਿੰਨ੍ਹਾਂ ਵਿੱਚ ਸ਼ਾਮਲ ਹਨ:

- **ਤਿੱਲੀ ਦਾ ਫਟਣਾ।** NYVEPRIA ਲੈਂਦੇ ਸਮੇਂ ਤੁਹਾਡੀ ਤਿੱਲੀ ਵੱਡੀ ਹੋ ਸਕਦੀ ਹੈ ਅਤੇ ਫੱਟ ਸਕਦੀ ਹੈ। ਇੱਕ ਫਟੀ ਤਿੱਲੀ ਮੌਤ ਦਾ ਕਾਰਨ ਬਣ ਸਕਦੀ ਹੈ। ਤਿੱਲੀ ਤੁਹਾਡੇ ਪੇਟ ਜਾਂ ਪੇਟ ਦੇ ਖੇਤਰ ਦੇ ਉੱਪਰਲੇ ਖੱਬੇ ਭਾਗ ਵਿੱਚ ਸਥਿਤ ਹੁੰਦੀ ਹੈ। ਜੇਕਰ ਤੁਹਾਨੂੰ ਪੇਟ ਦੇ ਖੱਬੇ ਉੱਪਰਲੇ ਭਾਗ ਜਾਂ ਖੱਬੇ ਮੋਢੇ ਦੇ ਸਿਰੇ ਵਾਲੇ ਖੇਤਰ ਵਿੱਚ ਦਰਦ ਹੈ ਤਾਂ ਆਪਣੇ ਡਾਕਟਰ ਨੂੰ ਤੁਰੰਤ ਕਾਲ ਕਰੋ। ਇਸ ਦਰਦ ਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਡੀ ਤਿੱਲੀ ਵੱਡੀ ਹੋ ਗਈ ਹੈ ਜਾਂ ਫੱਟ ਗਈ ਹੈ।
- **ਐਲਰਜੀ ਦੇ ਗੰਭੀਰ ਰਿਐਕਸ਼ਨ** ਵੀ ਹੋ ਸਕਦੇ ਹਨ। ਇਹ ਰਿਐਕਸ਼ਨ ਸਾਰੇ ਸਰੀਰ 'ਤੇ ਰਕਤ-ਪਿੱਤੀ, ਸਾਹ ਚੜ੍ਹਨਾ, ਘਰਘਰਾਹਟ, ਖੂਨ ਦੇ ਦਬਾਓ ਵਿੱਚ ਗਿਰਾਵਟ (ਆਮ ਤੌਰ 'ਤੇ ਚੱਕਰ ਆਉਣ ਜਾਂ ਸਿਰ ਹਲਕਾ ਹਲਕਾ ਹੋਣ ਦਾ ਕਾਰਨ ਬਣਦੀਆਂ ਹਨ), ਮੂੰਹ ਜਾਂ ਅੱਖਾਂ ਦੇ ਦੁਆਲੇ ਸੋਜਸ਼, ਤੇਜ਼ ਨਬਜ਼, ਜਾਂ ਪਸੀਨਾ ਆਉਣ ਦਾ ਕਾਰਨ ਬਣ ਸਕਦੀਆਂ ਹਨ। ਜੇਕਰ NYVEPRIA ਦੇ ਟੀਕੇ ਦੌਰਾਨ ਤੁਹਾਨੂੰ ਕਿਸੇ ਐਲਰਜੀ ਵਾਲੇ ਰਿਐਕਸ਼ਨ ਦਾ ਤਜ਼ਰਬਾ ਹੁੰਦਾ ਹੈ ਤਾਂ ਟੀਕੇ ਨੂੰ ਤੁਰੰਤ ਬੰਦ ਕਰ ਦੇਣਾ ਚਾਹੀਦਾ ਹੈ। **ਜੇਕਰ ਕਿਸੇ ਵੀ ਸਮੇਂ ਕੋਈ ਗੰਭੀਰ ਐਲਰਜੀ ਵਾਲਾ ਰਿਐਕਸ਼ਨ ਹੁੰਦਾ ਹੈ, ਤਾਂ ਤੁਰੰਤ ਕਿਸੇ ਡਾਕਟਰ ਜਾਂ ਐਮਰਜੈਂਸੀ ਸੇਵਾਵਾਂ ਨੂੰ ਕਾਲ ਕਰੋ (ਉਦਾਹਰਨ ਲਈ, 911 'ਤੇ ਕਾਲ ਕਰੋ)।**
- **ਪਲੇਟਲੈੱਟ ਦੀ ਘੱਟ ਗਿਣਤੀ (ਥਰੋਮਬੋਸਾਈਟੋਪੀਨੀਆ),** ਜੋ ਆਸਾਨੀ ਨਾਲ ਨੀਲ ਪੈਣ ਅਤੇ ਖੂਨ ਵਗਣ ਦੇ ਵਾਧੇ ਵਜੋਂ ਪੇਸ਼ ਆਉਂਦੀ ਹੈ।
- **ਫੇਫੜਿਆਂ ਦੀ ਇੱਕ ਗੰਭੀਰ ਸਮੱਸਿਆ ਜਿਸਨੂੰ ਅਕਿਊਟ ਰੈਸਪੀਰੇਟਰੀ ਡਿਸਟਰੈਸ ਸਿੰਡਰੋਮ (ARDS) ਕਹਿੰਦੇ ਹਨ।** ਜੇਕਰ ਤੁਹਾਨੂੰ ਸਾਹ ਚੜ੍ਹਦਾ ਹੈ, ਸਾਹ ਲੈਣ ਵਿੱਚ ਮੁਸ਼ਕਿਲ ਹੈ, ਜਾਂ ਜੇ ਤੁਹਾਡੀ ਸਾਹ ਲੈਣ ਦੀ ਦਰ ਤੇਜ਼ ਹੈ ਤਾਂ ਆਪਣੇ ਡਾਕਟਰ ਨੂੰ ਕਾਲ ਕਰੋ ਜਾਂ ਤੁਰੰਤ ਐਮਰਜੈਂਸੀ ਸੰਭਾਲ ਪ੍ਰਾਪਤ ਕਰੋ।
- **ਗੁਰਦੇ ਦੀ ਸੱਟ (ਗਲੋਮੇਰੂਲੋਨਫ੍ਰਾਈਟਿਸ)** ਨੂੰ ਉਨ੍ਹਾਂ ਮਰੀਜ਼ਾਂ ਵਿੱਚ ਦੇਖਿਆ ਗਿਆ ਹੈ ਜਿੰਨ੍ਹਾਂ ਨੂੰ NYVEPRIA ਪ੍ਰਾਪਤ ਹੋਈ ਸੀ। ਜੇਕਰ ਤੁਹਾਨੂੰ ਚਿਹਰੇ ਜਾਂ ਗਿੱਟਿਆਂ ਵਿੱਚ ਸੋਜ਼ਸ, ਭੂਰੇ ਰੰਗ ਦਾ ਪਿਸ਼ਾਬ ਜਾਂ ਪਿਸ਼ਾਬ ਵਿੱਚ ਖੂਨ ਆਉਂਦਾ ਹੁੰਦਾ ਹੈ, ਜਾਂ ਜੇਕਰ ਤੁਸੀਂ ਦੇਖਦੇ ਹੋ ਕਿ ਤੁਸੀਂ ਆਮ ਨਾਲੋਂ ਘੱਟ ਵਾਰ ਪਿਸ਼ਾਬ ਕਰਦੇ ਹੋ ਤਾਂ ਆਪਣੇ ਡਾਕਟਰ ਨੂੰ ਤੁਰੰਤ ਕਾਲ ਕਰੋ।
- **ਕਿਊਟੇਨੀਅਸ ਵੈਸਕੁਲਿਟਿਸ,** ਜੋ ਚਮੜੀ ਦੀ ਸਤਹ ਵਿੱਚ ਇੱਕ ਰਕਤ-ਪਿੱਤੀ ਦੇ ਰੂਪ ਵਿੱਚ ਪੇਸ਼ ਹੁੰਦਾ ਹੈ ਜੋ ਜਾਮਨੀ ਜਾਂ ਲਾਲ ਧੱਬਿਆਂ ਜਾਂ ਧੱਫੜਾਂ, ਛੋਟੇ ਬਿੰਦੂਆਂ ਦੇ ਗੁੱਛਿਆਂ, ਸਪਲੋਚਾਂ, ਜਾਂ ਛਪਾਕੀਆਂ ਵਰਗਾ ਦਿਖਾਈ ਦਿੰਦਾ ਹੈ। ਤੁਹਾਡੀ ਚਮੜੀ 'ਤੇ ਖਾਰਸ਼ ਵੀ ਹੋ ਸਕਦੀ ਹੈ। ਜੇਕਰ ਤੁਹਾਨੂੰ ਇਹ ਲੱਛਣ ਮਹਿਸੂਸ ਹੁੰਦੇ ਹਨ ਤਾਂ ਆਪਣੇ ਸਿਹਤ-ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।
- **ਕੈਪਿਲਰੀ ਲੀਕ ਸਿੰਡਰੋਮ,** ਜੋ ਸੋਜਸ਼ ਜਾਂ ਫੁਲਾਵਟ ਦੇ ਰੂਪ ਵਿੱਚ ਦਿੱਖ ਸਕਦੀ ਹੈ ਅਤੇ ਘੱਟ ਵਾਰ ਪਿਸ਼ਾਬ ਕਰਨਾ, ਸਾਹ ਲੈਣ ਵਿੱਚ ਮੁਸ਼ਕਿਲ, ਪੇਟ ਦੀ ਸੋਜ ਅਤੇ ਪੇਟ ਭਰੇ ਰਹਿਣ ਦਾ ਅਹਿਸਾਸ ਅਤੇ ਥਕਾਵਟ ਦੇ ਆਮ ਅਹਿਸਾਸ ਨਾਲ ਜੁੜੀ ਹੋ ਸਕਦੀ ਹੈ। ਜੇਕਰ ਤੁਹਾਨੂੰ ਇਹ ਲੱਛਣ ਮਹਿਸੂਸ ਹੁੰਦੇ ਹਨ ਤਾਂ ਆਪਣੇ ਸਿਹਤ-ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।
- **ਗੰਭੀਰ ਸਿਕਲ ਸੈੱਲ ਸੰਕਟ** ਸਿਕਲ ਸੈੱਲ ਲੱਛਣ ਜਾਂ ਸਿੱਕਲ ਸੈੱਲ ਬਿਮਾਰੀ ਵਾਲੇ ਮਰੀਜ਼ਾਂ ਵਿੱਚ ਪੈਗਫਿਲਗ੍ਰਾਸਟਿਮ ਦੀ ਵਰਤੋਂ ਨਾਲ ਜੁੜਿਆ ਹੋਇਆ ਹੈ। ਗੰਭੀਰ ਸਿਕਲ ਸੈੱਲ ਸੰਕਟ, ਕੁਝ ਮਾਮਲਿਆਂ ਵਿੱਚ ਮੌਤ ਦੇ ਨਤੀਜੇ ਵਜੋਂ, ਫਿਲਗ੍ਰਾਸਟਿਮ ਨਾਲ ਵੀ ਜੁੜੇ ਹੋਏ ਹਨ, ਜੋ ਪੈਗਫਿਲਗ੍ਰਾਸਟਿਮ ਦਾ ਮੂਲ ਮਿਸ਼ਰਣ ਹੈ। ਜੇਕਰ ਤੁਹਾਡੇ ਵਿੱਚ ਸਿਕਲ ਸੈੱਲ ਦਾ ਕੋਈ ਲੱਛਣ ਜਾਂ ਸਿਕਲ ਸੈੱਲ ਬਿਮਾਰੀ ਹੈ, ਤਾਂ ਇਹ ਯਕੀਨੀ ਬਣਾਓ ਕਿ ਤੁਸੀਂ NYVEPRIA ਨੂੰ ਲੈਣਾ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨੂੰ ਦੱਸ ਦੇਵੋਂ ਤਾਂ ਜੋ ਸੰਭਾਵੀ ਖਤਰਿਆਂ ਅਤੇ ਲਾਭਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾ ਸਕੇ।
- **ਬੋਨ ਮੈਰੋ ਦੇ ਅਪਰਿਪੱਕ ਸੈੱਲਾਂ ਦੀ ਗੈਰ-ਸਾਧਾਰਨ ਸੰਖਿਆ (ਮਾਈਲੋਡਿਸਪਲਾਸਟਿਕ ਸਿੰਡਰੋਮ),** ਜਿਸਦਾ ਸਿੱਟਾ ਇੱਕ ਕਿਸਮ ਦੇ ਕੈਂਸਰ (ਤੀਬਰ ਮਾਈਲੋਇਡ ਲਿਊਕੀਮੀਆ) ਦੇ ਰੂਪ ਵਿੱਚ ਨਿਕਲ ਸਕਦਾ ਹੈ, ਬੁਖਾਰ, ਹੱਡੀ ਦੇ ਦਰਦ, ਨੀਲ ਪੈਣਾ, ਸਾਹ ਲੈਣ ਵਿੱਚ ਮੁਸ਼ਕਿਲ, ਖੂਨ ਵਗਣ, ਅਤੇ ਥਕਾਵਟ ਦੇ ਇੱਕ ਆਮ ਅਹਿਸਾਸ ਵਜੋਂ ਪੇਸ਼ ਆਉਂਦਾ ਹੈ।*

ਕੁਝ ਲੋਕਾਂ ਨੂੰ ਟੀਕੇ ਵਾਲੇ ਸਥਾਨ 'ਤੇ ਲਾਲੀ, ਸੋਜਸ਼ ਜਾਂ ਜਲਣ ਦਾ ਅਹਿਸਾਸ ਹੁੰਦਾ ਹੈ। ਹੋ ਸਕਦਾ ਹੈ ਇਹ NYVEPRIA ਵਿਚਲੇ ਸੰਘਟਕਾਂ ਤੋਂ ਐਲਰਜੀ ਹੋਵੇ ਜਾਂ ਫਿਰ ਇਹ ਕੋਈ ਸਾਧਾਰਣ ਰਿਐਕਸ਼ਨ ਹੋ ਸਕਦਾ ਹੈ। ਜੇਕਰ ਤੁਹਾਨੂੰ ਇਨ੍ਹਾਂ ਵਿੱਚੋਂ ਕੋਈ ਚਿੰਨ੍ਹ ਜਾਂ ਲੱਛਣ ਨਜ਼ਰ ਆਉਂਦੇ ਹਨ, ਤਾਂ ਆਪਣੇ ਡਾਕਟਰ ਨੂੰ ਕਾਲ ਕਰੋ।

ਇਹ ਉਹ ਸਾਰੇ ਸੰਭਾਵੀ ਅਣਚਾਹੇ ਅਸਰ ਨਹੀਂ ਹਨ ਜਿੰਨ੍ਹਾਂ ਨੂੰ ਤੁਸੀਂ NYVEPRIA ਲੈਂਦੇ ਸਮੇਂ ਮਹਿਸੂਸ ਕਰ ਸਕਦੇ ਹੋ। ਜੇਕਰ ਤੁਹਾਨੂੰ ਕਿਸੇ ਵੀ ਅਜਿਹੇ ਅਣਚਾਹੇ ਅਸਰਾਂ ਦਾ ਤਜ਼ਰਬਾ ਹੁੰਦਾ ਹੈ ਜੋ ਇੱਥੇ ਸੂਚੀਬੱਧ ਨਹੀਂ ਹਨ, ਤਾਂ ਆਪਣੇ ਸਿਹਤ-ਸੰਭਾਲ ਪੇਸ਼ੇਵਰ ਨੂੰ ਕਾਲ ਕਰੋ।

*ਕੀਮੋਥੈਰੇਪੀ ਅਤੇ/ਜਾਂ ਰੇਡੀਓਚਿਕਿਤਸਾ ਪ੍ਰਾਪਤ ਕਰ ਰਹੇ ਛਾਤੀ ਅਤੇ ਫੇਫੜਿਆਂ ਦੇ ਕੈਂਸਰ ਦੇ ਉਨ੍ਹਾਂ ਮਰੀਜ਼ਾਂ ਵਿੱਚ ਮਾੜੀ ਘਟਨਾ

# ਮੈਂ ਆਪਣੇ ਇਨਫੈਕਸ਼ਨ ਹੋਣ ਦੇ ਖਤਰੇ ਨੂੰ ਕਿਵੇਂ ਘੱਟ ਕਰ ਸਕਦਾ/ਸਕਦੀ ਹਾਂ?

ਨਿਊਟਰੋਪੇਨੀਆ ਇੱਕ ਅਜਿਹੀ ਅਵਸਥਾ ਹੈ ਜੋ ਤੁਹਾਨੂੰ ਇਨਫੈਕਸ਼ਨ ਦਾ ਵਧੇਰੇ ਖਤਰਾ ਦਿੰਦੀ ਹੈ। ਇਸ ਲਈ, ਜਦੋਂ ਤੁਸੀਂ NYVEPRIA ਲੈ ਰਹੇ ਹੋਵੋਂ, ਤਾਂ ਨਿਮਨਲਿਖਤ ਚੀਜ਼ਾਂ ਨੂੰ ਕਰਕੇ ਇਨਫੈਕਸ਼ਨ ਤੋਂ ਬਚਣ ਦੀ ਕੋਸ਼ਿਸ਼ ਕਰੋ:

**1.** ਨਿੱਜੀ ਤੌਰ 'ਤੇ ਚੰਗੀ ਤਰ੍ਹਾਂ ਸਾਫ਼-ਸਫ਼ਾਈ ਰੱਖੋ

- **ਆਪਣੇ ਹੱਥਾਂ ਨੂੰ ਅਕਸਰ ਧੋਵੋ**, ਖਾਸ ਕਰਕੇ ਖਾਣਾ ਖਾਣ ਤੋਂ ਪਹਿਲਾਂ ਅਤੇ ਤੁਹਾਡੇ ਬਾਥਰੂਮ ਜਾਣ ਦੇ ਬਾਅਦ
- **ਆਪਣੇ ਹੱਥਾਂ ਨੂੰ ਕੀਟਾਣੂੰ-ਮੁਕਤ ਕਰਨ ਲਈ ਹੈਂਡ ਸੈਨੀਟਾਈਜ਼ਰ** (ਇੱਕ ਛੋਟੀ ਬੋਤਲ) ਨਾਲ ਰੱਖੋ
- **ਹਰ ਰੋਜ਼ ਇੱਕ ਕੋਸੇ ਪਾਣੀ ਨਾਲ ਇਸ਼ਨਾਨ ਲਓ** (ਗਰਮ ਪਾਣੀ ਨਾਲ ਨਹੀਂ) (ਤਾਂ ਕਿ ਤੁਹਾਡੀ ਚਮੜੀ ਖੁਸ਼ਕ ਨਾ ਹੋਵੇ)
- **ਆਪਣੇ ਦੰਦਾਂ ਨੂੰ ਸਾਫ਼ ਕਰਨ ਲਈ ਇੱਕ ਨਰਮ ਦੰਦਾਂ ਵਾਲੇ ਬੁਰਸ਼ ਦੀ ਵਰਤੋਂ ਕਰੋ** ਅਤੇ ਆਪਣੇ ਮਸੂੜਿਆਂ ਨੂੰ ਪਰੇਸ਼ਾਨ ਕਰਨ ਤੋਂ ਬਚੋ

**2.** ਆਪਣੀ ਚਮੜੀ ਦਾ ਬਚਾਅ ਕਰੋ

- ਜੇਕਰ ਤੁਹਾਡੀ ਚਮੜੀ ਖੁਸ਼ਕ ਹੋ ਜਾਂਦੀ ਹੈ ਜਾਂ ਫੱਟ ਜਾਂਦੀ ਹੈ ਤਾਂ **ਨਮ ਕਰਨ ਵਾਲੇ ਲੋਸ਼ਨਾਂ ਦੀ ਵਰਤੋਂ ਕਰੋ**
- ਜਦੋਂ ਤੁਸੀਂ ਬਰਤਨ ਜਾਂ ਬਗੀਚਾ ਸਾਫ਼ ਕਰਦੇ ਹੋ, ਤਾਂ ਉਸ ਸਮੇਂ **ਰਬੜ ਦੇ ਦਸਤਾਨੇ ਪਹਿਨੋ**
- **ਮੁਹਾਸਿਆਂ ਨੂੰ ਛੇੜੋ ਜਾਂ ਖੁਰਚੋ ਨਾ**
- ਤੁਹਾਡੀ ਚਮੜੀ ਨੂੰ ਕੱਟਣ ਤੋਂ ਬਚਣ ਲਈ ਬਲੇਡ ਦੀ ਬਜਾਏ **ਬਿਜਲੀ ਵਾਲੇ ਸ਼ੇਵਰ ਦੀ ਵਰਤੋਂ ਕਰੋ**
- ਜਦੋਂ ਤੁਸੀਂ ਕੱਪੜੇ ਪ੍ਰੈਸ ਕਰਦੇ ਹੋ ਜਾਂ ਖਾਣਾ ਪਕਾਉਂਦੇ ਹੋ ਤਾਂ **ਜਲਣ ਤੋਂ ਬਚੋ**
- **ਕਿਸੇ ਵੀ ਕੱਟ ਜਾਂ ਖੁਰਚਣ ਨੂੰ ਤੁਰੰਤ** ਕੋਸੇ ਪਾਣੀ ਅਤੇ ਸਾਬਣ ਨਾਲ ਸਾਫ਼ ਕਰੋ

**3.** ਸਮੁੱਚੇ ਤੌਰ 'ਤੇ ਸਿਹਤਮੰਦ ਰਹਿਣ ਦੀ ਕੋਸ਼ਿਸ਼ ਕਰੋ

- **ਕਾਫੀ ਆਰਾਮ ਕਰੋ**
- **ਇੱਕ ਚੰਗੀ ਤਰ੍ਹਾਂ ਸੰਤੁਲਿਤ ਖੁਰਾਕ ਖਾਓ**
- **ਲੋੜੀਂਦੀ ਮਾਤਰਾ ਵਿੱਚ ਤਰਲ ਪੀਓ**
- ਜਿੰਨੀ ਵਾਰ ਹੋ ਸਕੇ **ਕਸਰਤ ਕਰੋ**
- **ਕਿਸੇ ਵੀ ਅਜਿਹੇ ਵਿਅਕਤੀ ਤੋਂ ਦੂਰ ਰਹੋ ਜਿਸਨੂੰ ਜ਼ੁਕਾਮ**, ਫਲੂ, ਜਾਂ ਕੋਈ ਛੂਤ ਦੀ ਬਿਮਾਰੀ ਹੈ
- **ਭੀੜ-ਭੜੱਕੇ ਤੋਂ ਬਚੋ**, ਜਿਵੇਂ ਕਿ ਸ਼ਾਪਿੰਗ ਮਾਲਾਂ ਵਿੱਚ ਜਾਂ ਬੱਸਾਂ ਵਿੱਚ ਲੱਗੀਆਂ ਭੀੜਾਂ ਤੋਂ ਬਚੋ
- **ਅਣਪਕਾਏ ਆਂਡਿਆਂ, ਕੱਚੇ ਜਾਂ ਘੱਟ ਪਕਾਏ ਮੀਟਾਂ, ਪੋਲਟਰੀ, ਮੱਛੀ, ਅਤੇ ਸਮੁੰਦਰੀ ਭੋਜਨ ਤੋਂ ਪਰਹੇਜ਼ ਕਰੋ**
- **ਪੌਦਿਆਂ ਨੂੰ ਲਿਵਿੰਗ ਖੇਤਰ ਤੋਂ ਬਾਹਰ ਕੱਢੋ**—ਜਿਉਂਦੇ ਪੌਦੇ ਕੀਟਾਣੂਆਂ ਦਾ ਸਰੋਤ ਹੋ ਸਕਦੇ ਹਨ
- **ਕੈਟ ਲਿਟਰ** ਬਕਸਿਆਂ ਜਾਂ ਪੰਛੀਆਂ ਦੇ ਪਿੰਜਰਿਆਂ ਨੂੰ ਸਾਫ਼ ਕਰਨ ਤੋਂ ਪਰਹੇਜ਼ ਕਰੋ

# ਇਨਫੈਕਸ਼ਨਾਂ ਦੀ ਪਛਾਣ ਕਰੋ ਅਤੇ ਇਨ੍ਹਾਂ ਦੀ ਰਿਪੋਰਟ ਕਰੋ

NYVEPRIA ਇਨਫੈਕਸ਼ਨ ਹੋਣ ਦੇ ਖਤਰੇ ਨੂੰ ਘੱਟ ਕਰ ਸਕਦੀ ਹੈ, ਪਰ ਹੋ ਸਕਦਾ ਹੈ ਇਹ ਸਾਰੀਆਂ ਇਨਫੈਕਸ਼ਨਾਂ ਦੀ ਰੋਕਥਾਮ ਨਾ ਕਰੇ। ਥੋੜ੍ਹੇ ਸਮੇਂ ਦੌਰਾਨ ਵੀ ਕੋਈ ਇਨਫੈਕਸ਼ਨ ਹੋ ਸਕਦੀ ਹੈ ਜਦੋਂ ਤੁਹਾਡੇ ਸਫੇਦ ਖੂਨ ਦੇ ਸੈੱਲਾਂ ਦੇ ਪੱਧਰ ਘੱਟ ਹੁੰਦੇ ਹਨ। ਇਨਫੈਕਸ਼ਨ ਦੇ ਕਿਸੇ ਵੀ ਲੱਛਣਾਂ ਦੀ ਰਿਪੋਰਟ ਆਪਣੇ ਡਾਕਟਰ ਜਾਂ ਸਿਹਤ-ਸੰਭਾਲ ਟੀਮ ਨੂੰ ਕਰਨਾ ਯਾਦ ਰੱਖੋ।

ਕਿਸੇ ਵੀ ਇਨਫੈਕਸ਼ਨ ਦੇ ਸਭ ਤੋਂ ਵੱਧ ਆਮ ਚਿੰਨ੍ਹਾਂ ਅਤੇ ਲੱਛਣਾਂ ਵਿੱਚ ਸ਼ਾਮਲ ਹਨ:

- ਬੁਖਾਰ ਅਤੇ ਕਾਂਬਾ ਲੱਗਣਾ
- ਛਪਾਕੀ, ਸੋਜਸ਼, ਅਤੇ ਲਾਲੀ
- ਗਲੇ ਵਿੱਚ ਖਰਾਸ਼
- ਦਸਤ
- ਪਾਣੀ ਵਹਿਣਾ, ਪਾਕ, ਲਾਲੀ, ਕਿਸੇ ਕੱਟ, ਫੋੜੇ, ਜਾਂ ਚੀਰੇ ਤੋਂ ਸੋਜਸ਼ ਜਾਂ ਦਰਦ

ਆਪਣੀ ਸਿਹਤ-ਸੰਭਾਲ ਟੀਮ ਕੋਲੋਂ ਪਹਿਲਾਂ ਪੜਤਾਲ ਕੀਤੇ ਬਗੈਰ ਬੁਖਾਰ ਵਾਸਤੇ ਕੋਈ ਵੀ ਦਵਾਈਆਂ ਨਾ ਲਓ।

## ਮਦਦਗਾਰ ਵੈੱਬ ਸਰੋਤ

**www.cancer.ca (ਕੈਨੇਡੀਅਨ ਕੈਂਸਰ ਸੋਸਾਇਟੀ)**
**www.cancer.org (ਅਮਰੀਕਨ ਕੈਂਸਰ ਸੋਸਾਇਟੀ)**
**www.standuptocancer.ca**

# ਵਰਤੋਂ ਵਾਸਤੇ ਹਦਾਇਤਾਂ


## NYVEPRIA ਪਹਿਲਾਂ ਤੋਂ ਭਰੀ ਸਰਿੰਜ ਦੀ ਵਰਤੋਂ ਕਰਨਾ

**1) ਪਹਿਲਾਂ ਤੋਂ ਭਰੀ ਸਰਿੰਜ ਦੇ ਡੱਬੇ ਨੂੰ ਫਰਿੱਜ ਵਿੱਚੋਂ ਬਾਹਰ ਕੱਢੋ**

- ਅੰਦਰਲੀ ਸਰਿੰਜ ਦੇ ਡੱਬੇ ਨੂੰ ਪਹਿਲਾਂ ਤੋਂ ਭਰੀ ਸਰਿੰਜ ਦੇ ਬਾਹਰੀ ਡੱਬੇ ਤੋਂ ਬਾਹਰ ਕੱਢੋ। ਤੁਹਾਡੇ ਵੱਲੋਂ ਟੀਕਾ ਲਗਾਉਣ ਤੋਂ **30 ਮਿੰਟ** ਪਹਿਲਾਂ, ਇੱਕ ਸਾਫ਼, ਚੰਗੀ ਤਰ੍ਹਾਂ ਰੋਸ਼ਨੀ ਵਾਲੀ ਸਤਹ 'ਤੇ, ਅੰਦਰਲੀ ਸਰਿੰਜ ਦੇ ਡੱਬੇ ਨੂੰ ਕਮਰੇ ਦੇ ਤਾਪਮਾਨ 'ਤੇ ਰੱਖੋ।
  - X o ਪਹਿਲਾਂ ਤੋਂ ਭਰੀ ਸਰਿੰਜ ਦੀ **ਵਰਤੋਂ ਨਾ ਕਰੋ** ਜੇ ਸਰਿੰਜ ਦਾ ਅੰਦਰੂਨੀ ਡੱਬਾ ਨੁਕਸਾਨਿਆ ਹੋਇਆ ਹੈ।
  - X o ਗਰਮ ਪਾਣੀ ਜਾਂ ਮਾਈਕ੍ਰੋਵੇਵ ਵਰਗੇ ਤਾਪ ਸਰੋਤ ਦੀ ਵਰਤੋਂ ਕਰਕੇ ਸ਼ੀਸ਼ੀ ਨੂੰ ਗਰਮ ਕਰਨ ਦੀ ਕੋਸ਼ਿਸ਼ **ਨਾ ਕਰੋ।**
  - X o ਪਹਿਲਾਂ ਤੋਂ ਭਰੀ ਸਰਿੰਜ ਨੂੰ ਸਿੱਧੀ ਧੁੱਪ ਵਿੱਚ **ਨਾ ਛੱਡੋ।**
  - X o ਪਹਿਲਾਂ ਤੋਂ ਭਰੀ ਸਰਿੰਜ ਨੂੰ **ਨਾ ਹਿਲਾਓ।**

**2) ਟੀਕੇ ਵਾਸਤੇ ਲੋੜੀਂਦੀਆਂ ਸਾਰੀਆਂ ਸਮੱਗਰੀਆਂ ਨੂੰ ਇਕੱਠਾ ਕਰੋ ਅਤੇ ਦਵਾਈ ਅਤੇ ਪਹਿਲਾਂ ਤੋਂ ਭਰੀ ਸਰਿੰਜ ਦੀ ਜਾਂਚ ਕਰੋ**

- ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਧੋਵੋ
- ਇੱਕ ਸਾਫ, ਚੰਗੀ ਤਰ੍ਹਾਂ ਰੋਸ਼ਨੀ ਵਾਲੀ ਸਤਹ ਤੇ, ਨਿਮਨਲਿਖਤ ਚੀਜ਼ਾਂ ਨੂੰ ਰੱਖੋ:
  - o ਅਲਕੋਹਲ ਵਾਈਪ
  - o ਰੂੰ ਦੀ ਲੋਈ ਜਾਂ ਗੇਜ਼ ਪੈਡ
  - o ਚਿਪਕਣ ਵਾਲੀ ਪੱਟੀ
  - o ਤਿੱਖੀਆਂ ਚੀਜ਼ਾਂ ਸੁੱਟਣ ਵਾਲਾ ਕੰਟੇਨਰ
  - o ਪਹਿਲਾਂ ਤੋਂ ਭਰੀ ਸਰਿੰਜ
    - ਸਰਿੰਜ ਦੇ ਅੰਦਰਲੇ ਡੱਬੇ ਨੂੰ ਖੋਲ੍ਹੋ ਅਤੇ ਪਹਿਲਾਂ ਤੋਂ ਭਰੀ ਸਰਿੰਜ ਨੂੰ ਅੰਦਰਲੇ ਸਰਿੰਜ ਦੇ ਡੱਬੇ ਵਿੱਚੋਂ ਬਾਹਰ ਕੱਢਣ ਲਈ ਨੀਡਲ ਗਾਰਡ ਨੂੰ ਫੜ੍ਹੋ।
    - ਸੁਰੱਖਿਆ ਕਾਰਨਾਂ ਕਰਕੇ:
      - X • ਪਲੰਜਰ ਰਾਡ ਨੂੰ **ਨਾ ਫੜ੍ਹੋ।**
      - X • ਸੂਈ ਦੇ ਕਵਰ ਨੂੰ **ਨਾ ਫੜ੍ਹੋ।**





- ਇਹ ਸੁਨਿਸ਼ਚਿਤ ਕਰੋ ਕਿ ਪਹਿਲਾਂ ਤੋਂ ਭਰੀ ਸਰਿੰਜ ਵਿਚਲੀ ਦਵਾਈ ਪਾਰਦਰਸ਼ੀ ਅਤੇ ਰੰਗਹੀਣ ਹੈ।

X • NYVEPRIA ਦੀ ਪਹਿਲਾਂ ਤੋਂ ਭਰੀ ਸਰਿੰਜ ਦੀ ਵਰਤੋਂ **ਨਾ ਕਰੋ** ਜੇਕਰ:
  - o ਦਵਾਈ ਬੱਦਲਨੁਮਾ ਹੈ ਜਾਂ ਬਦਰੰਗੀ ਹੋ ਚੁੱਕੀ ਹੈ, ਜਾਂ ਇਸ ਵਿੱਚ ਪੇਪੜੀਆਂ ਜਾਂ ਕਣ ਹਨ।
  - o ਕੋਈ ਵੀ ਹਿੱਸਾ ਤਿੜਕਿਆ ਜਾਂ ਟੁੱਟਿਆ ਹੋਇਆ ਜਾਪਦਾ ਹੈ
  - o ਪਹਿਲਾਂ ਤੋਂ ਭਰੀ ਸਰਿੰਜ ਡਿੱਗ ਗਈ ਸੀ
  - o ਸਲੇਟੀ ਸੂਈ ਦਾ ਕਵਰ ਗੁੰਮ ਹੈ ਜਾਂ ਇਸਨੂੰ ਸੁਰੱਖਿਅਤ ਤਰੀਕੇ ਨਾਲ ਨਹੀਂ ਜੋੜਿਆ ਗਿਆ
  - o ਲੇਬਲ 'ਤੇ ਛਾਪੀ ਮਿਆਦ ਪੁੱਗਣ ਦੀ ਤਾਰੀਖ਼ ਲੰਘ ਗਈ ਹੈ।

**3) ਤਿਆਰੀ ਕਰਨਾ**

- ਟੀਕੇ ਦੇ ਸਥਾਨ ਦੀ ਚੋਣ ਕਰੋ




- ਅਲਕੋਹਲ ਵਾਲੇ ਫੰਬੇ ਨਾਲ ਟੀਕੇ ਦੇ ਸਥਾਨ ਨੂੰ ਸਾਫ਼ ਕਰੋ। ਚਮੜੀ ਨੂੰ ਸੁੱਕਣ ਦਿਓ।



X • ਟੀਕਾ ਲਗਾਉਣ ਤੋਂ ਪਹਿਲਾਂ ਟੀਕੇ ਦੇ ਸਥਾਨ 'ਤੇ ਦੁਬਾਰਾ **ਨਾ ਛੂਹੋ।**

- ਜੇਕਰ ਤੁਸੀਂ ਉਸੇ ਟੀਕੇ ਵਾਲੇ ਸਥਾਨ ਦੀ ਵਰਤੋਂ ਕਰਨੀ ਚਾਹੁੰਦੇ ਹੋ, ਤਾਂ ਯਕੀਨੀ ਬਣਾਓ ਕਿ ਟੀਕੇ ਵਾਲਾ ਸਥਾਨ ਉਹੀ ਜਗਹ ਨਾ ਹੋਵੇ ਜੋ ਤੁਸੀਂ ਪਿਛਲੇ ਟੀਕੇ ਲਈ ਵਰਤਿਆ ਸੀ।

X • ਉਨ੍ਹਾਂ ਖੇਤਰਾਂ ਵਿੱਚ ਟੀਕਾ ਨਾ ਲਗਾਓ ਜਿੱਥੇ ਚਮੜੀ ਨਰਮ, ਲਾਲ, ਨੀਲਗ੍ਰਸਤ, ਜਾਂ ਸਖਤ ਹੈ। ਦਾਗਾਂ ਜਾਂ ਖਿਚਾਅ ਦੇ ਨਿਸ਼ਾਨਾਂ ਵਾਲੇ ਖੇਤਰਾਂ ਵਿੱਚ ਟੀਕਾ ਲਗਾਉਣ ਤੋਂ ਪਰਹੇਜ਼ ਕਰੋ।

ਪਹਿਲਾਂ ਤੋਂ ਭਰੀ ਸਰਿੰਜ ਨੂੰ ਸੂਈ ਗਾਰਡ ਦੇ ਕੋਲੋਂ ਫੜ੍ਹੋ। ਧਿਆਨਪੂਰਵਕ ਸੂਈ ਦੇ ਕਵਰ ਨੂੰ ਸਿੱਧਾ ਖਿੱਚ ਕੇ ਉਤਾਰ ਦਿਓ ਅਤੇ ਸਰੀਰ ਤੋਂ ਦੂਰ ਵੱਲ ਕਰੋ। ਸੂਈ ਦੀ ਕਵਰ ਨੂੰ ਤਿੱਖੀਆਂ ਚੀਜ਼ਾਂ ਪਾਉਣ ਵਾਲੇ ਕੰਟੇਨਰ ਵਿੱਚ ਸੁੱਟ ਦਿਓ। **ਮੁੜ-ਕੈਪ ਨਾ ਲਗਾਓ।**

X • ਸੂਈ ਦੇ ਕਵਰ ਨੂੰ ਪਹਿਲਾਂ ਤੋਂ ਭਰੀ ਸਰਿੰਜ ਤੋਂ ਤਦ ਤੱਕ **ਨਾ ਹਟਾਓ** ਜਦ ਤੱਕ ਤੁਸੀਂ ਟੀਕਾ ਲਗਾਉਣ ਲਈ ਤਿਆਰ ਨਹੀਂ ਹੋ ਜਾਂਦੇ।
X • ਸੂਈ ਦੇ ਕਵਰ ਨੂੰ ਮਰੋੜੋ ਜਾਂ **ਮੋੜੋ ਨਾ।**
X • ਪਹਿਲਾਂ ਤੋਂ ਭਰੀ ਸਰਿੰਜ ਨੂੰ ਪਲੰਜਰ ਰਾਡ ਦੇ ਕੋਲੋਂ **ਨਾ ਫੜ੍ਹੋ।**
X • ਸੂਈ ਦੇ ਕਵਰ ਨੂੰ ਪਹਿਲਾਂ ਤੋਂ ਭਰੀ ਸਰਿੰਜ 'ਤੇ ਵਾਪਸ **ਨਾ ਪਾਓ।**

# ਵਰਤੋਂ ਵਾਸਤੇ ਹਦਾਇਤਾਂ


**4) NYVEPRIA ਦੀ ਆਪਣੀ ਖ਼ੁਰਾਕ ਦਾ ਟੀਕਾ ਲਗਾਓ**

- ਇੱਕ ਮਜ਼ਬੂਤ ਸਤਹ ਬਣਾਉਣ ਲਈ ਟੀਕੇ ਵਾਲੇ ਸਥਾਨ ਦੀ ਚੂੰਢੀ ਭਰੋ।



**ਮਹੱਤਵਪੂਰਨ:** ਟੀਕਾ ਲਗਾਉਂਦੇ ਸਮੇਂ ਚਮੜੀ ਦੀ ਚੂੰਢੀ ਭਰਕੇ ਰੱਖੋ।


- ਚੂੰਢੀ ਭਰੀ ਰੱਖੋ। ਸੂਈ ਨੂੰ ਚਮੜੀ ਵਿੱਚ 45 ਤੋਂ 90 ਡਿਗਰੀ 'ਤੇ ਦਾਖ਼ਲ ਕਰੋ।





- ਧੀਮੇ ਅਤੇ ਸਥਿਰ ਦਬਾਅ ਦੀ ਵਰਤੋਂ ਕਰਦੇ ਹੋਏ, ਪਲੰਜਰ ਰਾਡ ਨੂੰ ਹੇਠਾਂ ਵੱਲ ਧੱਕੋ ਜਦ ਤੱਕ ਇਹ ਬਿਲਕੁਲ ਨੀਚੇ ਤੱਕ ਨਹੀਂ ਪਹੁੰਚ ਜਾਂਦੀ।



- ਜਦੋਂ ਸਰਿੰਜ ਖਾਲੀ ਹੁੰਦੀ ਹੈ, ਤਾਂ ਨਰਮਾਈ ਨਾਲ ਸਰਿੰਜ ਨੂੰ ਚਮੜੀ ਤੋਂ ਖਿੱਚੋ।



- ਜਦੋਂ ਤੁਸੀਂ ਪਲੰਜਰ ਰਾਡ ਨੂੰ ਛੱਡ ਦਿੰਦੇ ਹੋ, ਤਾਂ ਨੀਡਲ ਗਾਰਡ ਆਪਣੇ ਆਪ ਹੀ ਸੂਈ ਦੇ ਉੱਪਰੋਂ ਖਿਸਕ ਜਾਵੇਗਾ ਜਦੋਂ ਤੱਕ ਕਿ ਸੂਈ ਪੂਰੀ ਤਰ੍ਹਾਂ ਢੱਕ ਨਹੀਂ ਜਾਂਦੀ ਅਤੇ ਸੂਈ ਗਾਰਡ ਲੌਕ ਨਹੀਂ ਹੋ ਜਾਂਦਾ। **ਸੂਈ ਨੂੰ ਦੁਬਾਰਾ ਕੈਪ ਨਾ ਲਗਾਓ।**




**ਮਹੱਤਵਪੂਰਨ:** ਜਦੋਂ ਤੁਸੀਂ ਸਰਿੰਜ ਨੂੰ ਬਾਹਰ ਕੱਢਦੇ ਹੋ, ਜੇਕਰ ਅਜਿਹਾ ਲੱਗਦਾ ਹੈ ਕਿ ਦਵਾਈ ਅਜੇ ਵੀ ਸਰਿੰਜ ਦੀ ਬੈਰਲ ਵਿੱਚ ਹੈ, ਤਾਂ ਇਸਦਾ ਮਤਲਬ ਇਹ ਹੈ ਕਿ ਤੁਸੀਂ ਪੂਰੀ ਖ਼ੁਰਾਕ ਪ੍ਰਾਪਤ ਨਹੀਂ ਕੀਤੀ ਹੈ। ਆਪਣੇ ਸਿਹਤ-ਸੰਭਾਲ ਪ੍ਰਦਾਤਾ ਨੂੰ ਤੁਰੰਤ ਕਾਲ ਕਰੋ।

**5) ਟੀਕੇ ਵਾਲੇ ਸਥਾਨ ਦੀ ਜਾਂਚ ਕਰੋ ਅਤੇ ਸਰਿੰਜ ਨੂੰ ਸੁੱਟ ਦਿਓ**

- ਜੇਕਰ ਖ਼ੂਨ ਹੈ, ਤਾਂ ਟੀਕੇ ਵਾਲੇ ਸਥਾਨ 'ਤੇ ਰੂੰ ਦੇ ਗੋਲ਼ੇ ਜਾਂ ਗੇਜ਼ ਪੈਡ ਨਾਲ ਦਬਾਓ। • ਟੀਕੇ ਵਾਲੇ ਸਥਾਨ ਨੂੰ **ਨਾ ਰਗੜੋ।** ਜੇ ਲੋੜ ਪੈਂਦੀ ਹੈ ਤਾਂ ਇੱਕ ਚਿਪਕਣ ਵਾਲੀ ਪੱਟੀ ਲਗਾਓ।
- ਹੇਠਾਂ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰਕੇ ਤੁਹਾਡੇ ਸਿਹਤ-ਸੰਭਾਲ ਪ੍ਰਦਾਤਾ ਵੱਲੋਂ ਦਿੱਤੀਆਂ ਹਦਾਇਤਾਂ ਅਨੁਸਾਰ ਸਰਿੰਜ ਨੂੰ ਸੁੱਟ ਦਿਓ। ਵਰਤੀਆਂ ਗਈਆਂ ਸੂਈਆਂ ਅਤੇ ਸਰਿੰਜਾਂ ਦੇ ਨਿਪਟਾਰੇ ਵਾਸਤੇ ਸੂਬੇ ਦੇ ਵਿਸ਼ੇਸ਼ ਜਾਂ ਸਥਾਨਕ ਕਾਨੂੰਨ ਹੋ ਸਕਦੇ ਹਨ।
  - o ਵਰਤੋਂ ਕਰਨ ਦੇ ਤੁਰੰਤ ਬਾਅਦ ਆਪਣੀ ਵਰਤੀ ਗਈ ਪਹਿਲਾਂ ਤੋਂ ਭਰੀ ਸਰਿੰਜ ਨੂੰ ਤਿੱਖੀਆਂ ਚੀਜ਼ਾਂ ਸੁੱਟਣ ਵਾਲੇ ਕੰਟੇਨਰ ਵਿੱਚ ਪਾ ਦਿਓ। **ਸਰਿੰਜਾਂ ਨੂੰ** ਆਪਣੇ ਘਰੇਲੂ ਕੂੜੇ ਵਿੱਚ ਨਾ ਸੁੱਟੋ।
  - o ਤਿੱਖੀਆਂ ਚੀਜ਼ਾਂ ਨੂੰ ਸੁੱਟਣ ਵਾਲੇ ਕੰਟੇਨਰ ਨੂੰ ਹਮੇਸ਼ਾ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

NYVEPRIA ਦੀ ਇੱਕ ਖ਼ੁਰਾਕ ਨੂੰ ਕਿਵੇਂ ਤਿਆਰ ਕਰਨਾ ਹੈ ਅਤੇ ਇਸਦਾ ਟੀਕਾ ਕਿਵੇਂ ਲਗਾਉਣਾ ਹੈ, ਇਸ ਬਾਰੇ ਜਾਣਕਾਰੀ ਲਈ ਮਰੀਜ਼ ਜਾਣਕਾਰੀ ਪਰਚੇ 'ਤੇ ਵਿਸਤਰਿਤ "ਵਰਤੋਂ ਲਈ ਹਦਾਇਤਾਂ" ਦੇਖੋ।

# ਮੇਰੀ ਅਗਲੀ ਮੁਲਾਕਾਤ ਲਈ ਤਿਆਰੀ ਕਰਨਾ

ਜੇਕਰ ਤੁਹਾਡੇ ਇਲਾਜ ਬਾਰੇ ਤੁਹਾਡੀਆਂ ਕੋਈ ਚਿੰਤਾਵਾਂ ਹਨ ਤਾਂ ਸਵਾਲ ਪੁੱਛਣਾ ਅਤੇ ਆਪਣੀ ਸਿਹਤ-ਸੰਭਾਲ ਟੀਮ ਨੂੰ ਦੱਸਣਾ ਮਹੱਤਵਪੂਰਨ ਹੈ। ਹੇਠਾਂ ਦਿੱਤੀ ਜਗ੍ਹਾ ਦੀ ਵਰਤੋਂ ਕਿਸੇ ਵੀ ਅਜਿਹੀ ਚੀਜ਼ ਨੂੰ ਲਿਖਣ ਲਈ ਕਰੋ ਜਿਸ ਬਾਰੇ ਤੁਸੀਂ ਆਪਣੀਆਂ ਅਗਲੀਆਂ ਕੁਝ ਮੁਲਾਕਾਤਾਂ ਦੌਰਾਨ ਆਪਣੀ ਟੀਮ ਨਾਲ ਗੱਲ ਕਰਨਾ ਚਾਹੋਗੇ।

1. ______________________________
2. ______________________________
3. ______________________________
4. ______________________________
5. ______________________________
6. ______________________________
7. ______________________________
8. ______________________________
9. ______________________________
10. ______________________________

## ਮੇਰੀ ਸਿਹਤ-ਸੰਭਾਲ ਟੀਮ ਦੀ ਸੰਪਰਕ ਜਾਣਕਾਰੀ

ਨਾਮ: ______________________________ ਫ਼ੋਨ ਨੰਬਰ: ______________

ਨਾਮ: ______________________________ ਫ਼ੋਨ ਨੰਬਰ: ______________


ਨਾਮ: ______________________________ ਫ਼ੋਨ ਨੰਬਰ: ______________

ਨਾਮ: ______________________________ ਫ਼ੋਨ ਨੰਬਰ: ______________

ਨਾਮ: ______________________________ ਫ਼ੋਨ ਨੰਬਰ: ______________

# ਮੇਰਾ ਇੰਜੈਕਸ਼ਨ ਟ੍ਰੈਕਰ

ਹੇਠਾਂ ਇੱਕ ਚਾਰਟ ਦਿੱਤਾ ਗਿਆ ਹੈ ਜੋ ਤੁਹਾਨੂੰ ਤੁਹਾਡੇ ਸਰੀਰ 'ਤੇ ਟੀਕੇ ਦੇ ਉਚਿਤ ਸਥਾਨਾਂ ਬਾਰੇ ਯਾਦ ਕਰਾਉਣ ਵਿੱਚ ਮਦਦ ਕਰ ਸਕਦਾ ਹੈ। ਇਸਤੋਂ ਇਲਾਵਾ, ਤੁਹਾਡੇ ਪਿਛਲੇ ਟੀਕੇ ਵਾਲੀ ਥਾਂ 'ਤੇ ਟੀਕਾ ਲਗਾਉਣ ਤੋਂ ਬਚਣ ਵਿੱਚ ਮਦਦ ਕਰਨ ਲਈ, ਅਗਲੇ ਪੰਨੇ 'ਤੇ ਦਿੱਤੇ ਚਾਰਟ ਦੀ ਵਰਤੋਂ ਕਰੋ ਤਾਂ ਜੋ ਤੁਹਾਨੂੰ ਇਹ ਯਾਦ ਕਰਾਉਣ ਵਿੱਚ ਮਦਦ ਕੀਤੀ ਜਾ ਸਕੇ ਕਿ ਤੁਸੀਂ ਪਿਛਲੀ ਵਾਰ ਕਿੱਥੇ ਟੀਕਾ ਲਗਾਇਆ ਸੀ। ਇੱਕ ਰਿਮਾਇੰਡਰ ਵਜੋਂ, ਤੁਹਾਨੂੰ ਕੀਮੋਥੈਰੇਪੀ ਪ੍ਰਾਪਤ ਕਰਨ ਦੇ ਬਾਅਦ NYVEPRIA ਲੈਣ ਤੋਂ ਪਹਿਲਾਂ 24 ਘੰਟੇ ਉਡੀਕ ਕਰਨ ਦੀ ਲੋੜ ਹੈ। ਇਸ ਕਰਕੇ, ਜੇ ਤੁਹਾਡੀ ਕੀਮੋਥੈਰੇਪੀ ਦਿਨ ਦੇ ਦੌਰਾਨ ਹੈ, ਤਾਂ ਤੁਸੀਂ ਅਗਲੀ ਸ਼ਾਮ NYVEPRIA ਨੂੰ ਲੈਣ ਦੀ ਯੋਜਨਾ ਬਣਾ ਸਕਦੇ ਹੋ।



| ਕੀਮੋ ਤਾਰੀਖ਼ ਅਤੇ ਸਮਾਂ | ਟੀਕੇ ਦੀ ਤੈਅ ਤਾਰੀਖ਼ ਅਤੇ ਸਮਾਂ (> 24 ਘੰਟਿਆਂ ਬਾਅਦ) | ਟੀਕੇ ਦੀ ਅਸਲ ਤਾਰੀਖ਼ ਅਤੇ ਸਮਾਂ | ਟੀਕੇ ਦਾ ਜਗ੍ਹਾ ਅਤੇ ਸਥਾਨ |
|---|---|---|---|
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |



## ClaimSecure ਰਾਹੀਂ **Pfizer G-CSF ਵਰਚੁਅਲ ਸਹਿ-ਅਦਾਇਗੀ ਕਾਰਡ** ਹੁਣ NYVEPRIA **ਦੇ** ਮਰੀਜ਼ਾਂ ਲਈ ਉਪਲਬਧ ਹੈ!

ਕਿਰਪਾ ਕਰਕੇ ਸਹਿ-ਅਦਾਇਗੀ ਕਾਰਡ ਨੂੰ ਆਪਣੀ ਪਸੰਦ ਦੀ ਫਾਰਮੇਸੀ ਵਿਖੇ ਨਾਲ ਲੈਕੇ ਆਓ। ਇਹ ਕਾਰਡ **NYVEPRIA ਦੀ ਲਾਗਤ ਦੇ 30% ਤੱਕ ਨੂੰ ਕਵਰ ਕਰ ਸਕਦਾ ਹੈ।**

ClaimSecure ਰਾਹੀਂ ਭੁਗਤਾਨ ਪ੍ਰੋਸੈਸ ਕਰਨ ਵਾਲੇ ਫਾਰਮਾਸਿਸਟਾਂ ਵਾਸਤੇ, ਕਿਰਪਾ ਕਰਕੇ ਨਿਮਨਲਿਖਤ ਦੀ ਵਰਤੋਂ ਕਰੋ:

- ਭੁਗਤਾਨ ਕਰ ਰਹੀ ਤੀਜੀ-ਧਿਰ: ClaimSecure
- Pfizer G-CSF ਗਰੁੱਪ ਸੰਖਿਆ: 37327
- ਸਰਟੀਫਿਕੇਟ ID: ਕਿਊਬੈਕ ਦੇ ਵਸਨੀਕਾਂ ਲਈ = 00002001NV
  ਕਿਊਬੈਕ ਤੋਂ ਬਾਹਰ ਦੇ ਕੈਨੇਡੀਅਨ ਵਸਨੀਕਾਂ ਲਈ = 00001001NV
- ਤਾਲਮੇਲ: ਆਖਰੀ ਭੁਗਤਾਨਕਰਤਾ
- ਸੰਬੰਧ ਕੋਡ: CARDHOLDER

ਜੇਕਰ ਤੁਹਾਡੇ ਕੋਈ ਹੋਰ ਸਵਾਲ ਹਨ ਜਾਂ ਜੇਕਰ ਤੁਸੀਂ ਵਧੇਰੇ ਵਿਸਥਾਰ ਚਾਹੁੰਦੇ ਹੋ ਤਾਂ ਕਿਰਪਾ ਕਰਕੇ 1-800-461-6579 ‘ਤੇ ClaimSecure ਫਾਰਮੇਸੀ ਗਾਹਕ ਸਹਾਇਤਾ ਨਾਲ ਸੰਪਰਕ ਕਰਨ ਤੋਂ ਨਾ ਝਿਜਕੋ।




# Pfizer Liaison

## ਮਰੀਜ਼ ਸਹਾਇਤਾ ਪ੍ਰੋਗਰਾਮ

ਤੁਹਾਨੂੰ ਉਨ੍ਹਾਂ ਸਰੋਤਾਂ ਨਾਲ ਜੋੜਨਾ ਜੋ ਤੁਹਾਡੇ ਇਲਾਜ ਦੀ ਪੂਰਤੀ ਕਰਦੇ ਹਨ ਅਤੇ ਤੁਹਾਡੀ ਸਿਹਤ-ਸੰਭਾਲ ਟੀਮ ਵੱਲੋਂ ਕੀਤੀ ਗਈ ਦੇਖਭਾਲ ਨੂੰ ਸਹਿ-ਸੰਪੰਨ ਬਣਾਉਂਦਾ ਹੈ

- ਭੁਗਤਾਨ-ਵਾਪਸੀ ਵਿੱਚ ਮਦਦ ਅਤੇ ਮੁਲਾਂਕਣ
- ਬੀਮਾ ਫਾਇਦਿਆਂ ਦਾ ਤਾਲਮੇਲ
- ਵਿੱਤੀ ਸਹਾਇਤਾ*
- ਇਲਾਜ ਬਾਰੇ ਜਾਣਕਾਰੀ

**Pfizer Liaison ਨਾਲ ਜੁੜਨ ਲਈ, ਸਾਨੂੰ** ਫ਼ੋਨ ਰਾਹੀਂ,
1-844-533-0150 'ਤੇ ਸੰਪਰਕ ਕਰੋ;
ਫ਼ੈਕਸ, 1-844-533-1151;
ਜਾਂ, pfizerliaison@rxinfinity.ca ‘ਤੇ ਈਮੇਲ ਕਰੋ।

ਹੋਰ ਜਾਣਕਾਰੀ ਲਈ, ਕਿਰਪਾ ਕਰਕੇ mypfizer.ca ਨੂੰ ਦੇਖੋ

* ਵਿੱਤੀ ਸਹਾਇਤਾ ਦੀ ਗਾਰੰਟੀ ਨਹੀਂ ਦਿੱਤੀ ਜਾ ਸਕਦੀ।



VIRTUAL CO-PAY CARD ਦੀ ਵਰਤੋਂ ਦੀਆਂ ਸ਼ਰਤਾਂ
ਕਿਰਪਾ ਕਰਕੇ ਆਪਣੇ G-CSF ਕਾਰਡ ਨੂੰ ਆਪਣੇ ਕੋਲ ਰੱਖੋ ਕਿਉਂਕਿ ਤੁਸੀਂ ਇਸਨੂੰ ਉਦੋਂ ਤੱਕ ਵਰਤਣਾ ਜਾਰੀ ਰੱਖ ਸਕਦੇ ਹੋ ਜਦੋਂ ਤੱਕ ਤੁਹਾਡਾ ਡਾਕਟਰ ਤੁਹਾਡੀ ਤਜਵੀਜ਼ ਨੂੰ ਜਾਰੀ ਰੱਖਦਾ ਹੈ ਜਾਂ ਜਦੋਂ ਤੱਕ ਪ੍ਰੋਗਰਾਮ ਨੂੰ ਬੰਦ ਨਹੀਂ ਕਰ ਦਿੰਦਾ। ਵਿੱਤੀ ਸਹਾਇਤਾ ਦੀਆਂ ਰਕਮਾਂ ਨਿਰਮਾਤਾ ਦੀ ਮਰਜ਼ੀ 'ਤੇ ਬਦਲ ਸਕਦੀਆਂ ਹਨ। ਇਕੱਤਰ ਕੀਤਾ ਕੋਈ ਵੀ ਨਿੱਜੀ ਡੇਟਾ ਫਾਰਮਾਸਿਊਟੀਕਲ ਨਿਰਮਾਤਾ ਜਾਂ ਕਿਸੇ ਤੀਜੀ ਧਿਰ ਨੂੰ ਪ੍ਰਦਾਨ ਨਹੀਂ ਕੀਤਾ ਜਾਵੇਗਾ।

BD UltraSafe Plus™ Safety Syringes, Inc. ਦਾ ਟ੍ਰੇਡਮਾਰਕ ਹੈ
ਮੂਲ ਕੰਪਨੀ Becton, Dickinson and Company ਹੈ।
NYVEPRIA™ Hospira, Inc. ਦਾ ਟ੍ਰੇਡਮਾਰਕ ਹੈ ਜਿਸਨੂੰ ਲਾਇਸੰਸ ਤਹਿਤ ਵਰਤਿਆ ਜਾਂਦਾ ਹੈ।
© 2022 Pfizer Canada ULC. ਸਾਰੇ ਹੱਕ ਰਾਖਵੇਂ ਹਨ।
PP-NYV-CAN-0002-PA

Pfizer

Pr Nyvepria™
pegfilgrastim